# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਸਹਿਬਜਾਦਾ ਅਜੀਤ ਸਿੰਘ ਨਗਰ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਸੱਤਵੀ ਮੰਜਿਲ, ਫੇਜ-8, ਐਸ.ਏ.ਐਸ.ਨਗਰ-160062

(ਵਜ਼ੀਫਾ ਸ਼ਾਖਾ) Email- sch3merit@gmail.com

ਸੇਵਾ ਵਿਖੇ

ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।

ਮੀਮੋ ਨੰ: 10/11-2021 ਸਸ-/ 823
ਮਿਤੀ : 10.11.2021

ਵਿਸ਼ਾ:- Free Ship Card ਹੋਲਡਰ ਵਿਦਿਆਰਥੀਆ ਤੋਂ ਕੋਈ ਅੰਡਵਾਂਸ ਫੀਸ ਨਾ ਲਏ ਜਾਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧੀ ਮਾਰਚ 2021 ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੀਆਂ 2020-21 ਤੋਂ 2025-26 ਲਈ ਪੋਸਟ ਮੈਟ੍ਰਿਕ ਸਕਾਲਰਸਿਪ ਸਬੰਧੀ ਜਾਰੀ ਹੋਈਆਂ ਗਾਈਡ ਲਾਈਨਜ ਦੇ ਪੈਰ੍ਹਾਂ 8.1. ਅਨੁਸਾਰ ਕਿਸੇ ਵੀ Free Ship Card ਹੋਲਡਰ ਵਿਦਿਆਰਥੀ ਤੋਂ ਕੋਈ ਵੀ ਫੀਸ ਅਗਾਊ ਨਹੀ ਲਈ ਜਾਵੇਗੀ। ਇਹ ਇਸ ਸ਼ਰਤ ਤੇ ਕੀਤਾ ਜਾਵੇਗਾ ਕਿ ਜਦ ਵੀ ਸਕਾਲਰਸ਼ਿਪ ਦੀ ਰਾਸ਼ੀ ਵਿਦਿਆਰਥੀ ਦੇ ਖਾਤੇ ਵਿੱਚ ਆਉਂਦੀ ਹੈ ਤਾਂ ਇਸ ਸਬੰਧੀ ਕਾਲਜ ਨੂੰ ਇਹ ਫੀਸ ਵਿਦਿਆਰਥੀ ਪਾਸੋਂ ਲੈਣ ਲਈ ਸੂਚਿਤ ਕਰ ਦਿੱਤਾ ਜਾਵੇਗਾ ਅਤੇ Free Ship Card ਹੋਲਡਰ ਵਿਦਿਆਰਥੀ ਉਸਦੇ ਖਾਤੇ ਵਿੱਚ ਫੀਸ ਆਉਣ ਦੇ 7 ਦਿਨਾਂ ਦੇ ਅੰਦਰ-ਅੰਦਰ (ਪੈਰ੍ਹਾ 8. 5 ਅਨੈਕਸਚਰ-1 ਅਨੁਸਾਰ) ਸਬੰਧ ਕਾਲਜ ਵਿੱਚ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੇਗਾ ।

ਉਕਤ ਦੀ ਰੋਸ਼ਨੀ ਵਿੱਚ ਸਾਰੀਆਂ ਸਬੰਧਤ ਯੂਨੀਵਰਸਿਟੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਫਰੀ ਸੀਪ ਕਾਰਡ ਹੋਲਡਰ ਵਿਦਿਆਰਥੀਆਂ ਤੋਂ ਫੀਸ ਕਾਲਜਾਂ ਰਾਹੀ ਅਗਾਊ ਨਹੀ ਲਈ ਜਾਵੇਗੀ ਅਤੇ ਇਹ ਫੀਸ ਵਿਦਿਆਰਥੀਆਂ ਦੇ ਖਾਤੇ ਵਿੱਚ ਆਉਂਣ ਉਪਰੰਤ ਅਗਲੇ ਸੱਤ ਕੰਮ ਵਾਲੇ ਦਿਨਾਂ ਵਿੱਚ ਕਾਲਜਾਂ ਵੱਲੋਂ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾ ਦਿੱਤੀ ਜਾਵੇਗੀ ।

ਨੱਥੀ: ਉਪਰੋਕਤ ਅਨੁਸਾਰ

ਸਕੱਤਰ
ਪੰਜਾਬ ਸਰਕਾਰ, ਉੱਚੇਰੀ ਸਿੱਖਿਆ ਵਿਭਾਗ

ਪਿੱਠ ਅੰਕਣ ਨੰ. ਉਕਤ

ਮਿਤੀ.ਐਸ.ਏ.ਐਸ.ਨਗਰ

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਕੱਤਰ
ਪੰਜਾਬ ਸਰਕਾਰ, ਉੱਚੇਰੀ ਸਿੱਖਿਆ ਵਿਭਾਗ